**Vidhyayana - ISSN 2454-8596**

An International Multidisciplinary Peer-Reviewed E-Journal

**www.j.vidhyayanaejournal.org**

**Indexed in: ROAD & Google Scholar**

# ਪਾਲੀ ਭੁਪਿੰਦਰ ਦੇ ਨਾਟਕਾਂ ਵਿੱਚ ਅਸੁਖਾਵੇਂ ਔਰਤ- ਮਰਦ ਸਬੰਧ

| **Gurbhej Singh** | **Dr. Lakhwinder Kaur** |
| --- | --- |
| Research Scholar | Assistant professor. |
| Regd.no. PH1855045002 | CT University Ludhiana |
| CT University Ludhiana Punjab | |

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਪਾਲੀ ਭੁਪਿੰਦਰ ਸਿੰਘ ਪੰਜਾਬੀ ਨਾਟ-ਪ੍ਰੰਪਰਾ ਦੀ ਚੌਥੀ ਪੀੜ੍ਹੀ ਦੇ ਪ੍ਰਮੁੱਖ ਨਾਟਕਕਾਰਾਂ ਵਿੱਚੋ ਇੱਕ ਨਾਮਵਰ ਹਸਤਾਖਰ ਹੈ। ਉਹ ਆਪਣੇ ਨਾਟਕਾਂ ਵਿੱਚ ਮੱਨੁਖੀ ਰਿਸ਼ਤਿਆ ਦੀਆਂ ਅਨੰਤ ਪਰਤਾਂ ਵਿੱਚ ਖੋਲ੍ਹਦਾ ਹੈ। ਮੱਨੁਖੀ ਰਿਸ਼ਤਿਆ ਵਿੱਚ ਆ ਰਹੀ ਗਿਰਾਵਟ ਤੇ ਟੁੱਟ – ਭੱਜ ਤੇ ਰਿਸ਼ਤਿਆਂ ਦੀ ਦਵੰਦਾਤਮਕ ਸਥਿਤੀ ਆਦਿ ਸਬੰਧੀ ਵਿਸ਼ੇ ਉਸ ਦੇ ਨਾਟਕਾਂ ਵਿੱਚ ਪ੍ਰੱਮੁਖ ਰੱਖਦੇ ਹਨ ਇਸ ਤੋ ਇਲਾਵਾ ਨਾਰੀ ਸੰਵੇਦਨਾ , ਨਾਰੀ ਚੇਤਨਾ , ਔਰਤ ਦੀ ਵਰਤਮਾਨ ਸਥਿਤੀ , ਔਰਤ – ਮਰਦ ਦੇ ਅਸੁਖਾਵੇਂ ਸੰਬੰਧ ਵਿਸ਼ੇ ਉਸ ਦੇ ਨਾਟਕਾਂ ਦਾ ਕੇਂਦਰ ਬਿੰਦੂ ਹੁੰਦੇ ਹਨ। ਮਨੁੱਖੀ ਮਨਾਂ ਦੇ ਅੰਦਰ ਝਾਤੀ ਪਾਉਣ ਵਾਲਾ ਉਹ ਸਫ਼ਲ ਨਾਟਕਾਰਾਂ ਹੈ। ਉਸ ਦੇ ਵਧੇਰੇ ਨਾਟਕ ਮਨੁੱਖੀ ਮਨ ਦੇ ਚੇਤਨ – ਅਵਚੇਤਨ ਪਾਸਾਰਾਂ ਨਾਲ ਸੰਵਾਦ ਰਚਾਉਦੇ ਪ੍ਰਤੀਤ ਹੁੰਦੇ ਹਨ। ਮਨੁੱਖੀ ਰਿਸ਼ਤਿਆ ਜਿਨ੍ਹਾਂ ਵਿੱਚੋ ਵਿਸ਼ੇਸ਼ ਤੌਰ ਤੇ ਔਰਤ – ਮਰਦ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਸਮਝਾਉਣ ਤੇ ਪੇਸ਼ ਕਰਨ ਵਿੱਚ ਉਸ ਦੀ ਖ਼ੂਬੀ ਹੈ। ਪਾਲੀ ਭੁਪਿੰਦਰ ਦੇ ਨਾਟਕ ਸਮਕਾਲੀ ਮਨੁੱਖ ਤੇ ਸਮਾਜ , ਮਨੁੱਖ ਤੇ ਮਨੁੱਖ ਦੇ ਆਪਸੀ ਰਿਸਤਿਆਂ ਤੇ ਔਰਤ – ਮਰਦ ਦੇ ਰਿਸ਼ਤਿਆ ਨੂੰ ਸਮਝਣ ਹਿੱਤ ਮਹੱਤਵਪੂਰਨ ਨੂੰ ਯੋਗਦਾਨ ਪਾਉਦੇ ਹਨ। ਰਿਸ਼ਤਿਆਂ ਦੇ ਵਿਭਿੰਨ ਸਮੀਕਰਨਾਂ ਨੂੰ ਸਮਝਣ ਹਿੱਤ ਉਸ ਦੇ ਕੁੱਝ ਚੋਣਵੇਂ ਨਾਟਕਾਂ ਦੇ ਅਧਿਐਨ ਇਸ ਹੱਥਲੇ ਖੋਜ ਪਰਚੇ ਵਿੱਚ ਕੀਤਾ ਜਾਵੇਗਾ।

ਇਸ ਖੋਜ ਪਰਚੇ ਵਿੱਚ ਸਭ ਤੋ ਪਹਿਲਾਂ ਨਾਟਕ ( ਤਹਾਨੂੰ ਕਿਹੜਾ ਰੰਗ ਪਸੰਦ ਹੈ ) ਵਿਚਾਰਿਆ ਜਾਵੇਗਾ। ਇਸ ਨਾਟਕ ਵਿੱਚ ਚਾਰ ਪਾਤਰ ਹਨ : ਡੀ.ਕੇ , ਅਜਨਬੀ , ਵੇਟਰ ਤੇ ਸੋਢੀ ਦੀ ਕੰਪਨੀ ਦੀ ਇੱਕ ਨੌਜਵਾਨ ਕਰਮਚਾਰੀ। ਨਾਟਕ ਵਿਚਲੇ ਚਾਰ ਪਾਤਰ ਮਰਦ ਹਨ ਤੇ ਨਾਟਕ ਦੀ ਕਹਾਣੀ ਅਨੁਸਾਰ ਇੱਕ ਔਰਤ ਪਾਤਰ ਵੀ ਹੈ ਜੋ ਕਿ ਡੀ .ਕੇ ਨੂੰ ਹੋਟਲ ਦੇ ਕਮਰੇ ਵਿੱਚ ਮਿਲਣ ਆ ਰਹੀ ਹੈ ਪਰ ਗੱਲ ਡੀ. ਕੇ . ਤੇ ਅਜਨਬੀ ਦੀ ਵਾਰਤਾਲਾਪ ਦੌਰਾਨ ਹੋ ਰਹੀ ਬਹਿਸ ਵਿੱਚੋ ਸਾਹਮਣੇ ਆ ਰਹੀ ਹੈ ਕਿ ਔਰਤ ਨੂੰ ਕਮਰੇ ਵਿੱਚ ਬੁਲਾਉਣਾ ਚਾਹੀਦਾ ਹੈ ਕਿ ਨਹੀ। ਇਹ ਨਾਟਕ ਔਰਤ – ਮਰਦ ਦੇ ਆਪਸੀ ਰਿਸ਼ਤਿਆਂ ਦੀਆਂ ਅਨੇਕਾਂ ਤੰਦਾਂ ਨੂੰ ਖੋਲ੍ਹਦਾ ਹੈ। ਇਸ ਨਾਟਕ ਵਿੱਚ ਮਨੁੱਖੀ ਰਿਸ਼ਤਿਆਂ ਦੇ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਮਨੋ- ਵਿਗਿਆਨਕ , ਸਮਾਜਿਕ ਤੇ ਆਰਥਿਕ ਪੱਖਾਂ ਦੀ ਅੰਤਰ – ਸੰਬੰਧ ਸਪੱਸ਼ਟ ਹੁੰਦਾ ਹੈ। ਇਹ ਨਾਟਕ ਮਨੁੱਖ ਦੀਆਂ ਕਾਮੁਕ ਬਿਰਤੀਆਂ ਦੇ ਡੂੰਘੇ ਮਨੋ – ਵਿਗਿਆਨਕ ਪਾਸਾਰਾਂ ਤੱਕ ਪਹੁੰਚਦਾ ਹੈ . ਇਹ ਇੱਕ ਪਾਸੇ ਸਮਾਜ ਦੁਆਰਾ ਸਥਾਪਿਤ ਰਿਸ਼ਤੇ ਜਿਵੇਂ ਪਤੀ – ਪਤਨੀ ਭਾਵ ਕਿ ਵਿਆਹ – ਪ੍ਰਬੰਧ ਕਾਰਨ ਹੋਂਦ ਵਿੱਚ ਆਏ ਰਿਸ਼ਤੇ ਵਿਚਲੀ ਉਦਾਸੀਨਤਾ ਨਿਰਜੀਵਤਾ ਤੇ ਆਭਾਵ ਨੂੰ ਬਿਆਨਦਾ ਹੈ ਤੇ ਦੂਜੇ ਪਾਸੇ ਇਸ ਨੂੰ ਨਿਭਾਉਣ ਦੀ ਮਜ਼ਬੂਰੀ ਨੂੰ ਵੀ ਚਿਤਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਨਾਟਕ ਇੱਕ ਹੀ ਰਿਸਤੇ ਦੀ ਆਪਾ ਵਿਰੋਧੀ ਬਿਰਤੀ ਨੂੰ ਖ਼ੂਬ ਪੇਸ਼ ਕਰਦਾ ਹੈ ਜਿਵੇਂ ਕਿ ਡੀ.ਕੇ. ਦੀ ਪਤਨੀ ਆਪਣੇ ਪਤੀ ਦੇ ਕਹਿਣ ਤੇ ਉਸ ਦੀ ਤਰੱਕੀ ਲਈ ਉਸ ਦੇ ਬਾਸ ਨਾਲ ਭਾਵਨਾਤਮਕ ਨੇਿੜਤਾ ਵਧਾਉਦੀ ਹੈ ਤਾਂ ਜੋ ਡੀ.ਕੇ . ਦੀ ਪ੍ਰੋਮਸ਼ਨ ਜਲਦੀ ਹੋ ਸਕੇ ਪਰ ਦੂਜੇ ਪਾਸੇ ਡੀ. ਕੇ . ਆਪਣੀ ਪਤਨੀ ਨੂੰ ਸ਼ੱਕੀ ਨਿਗਾਹਾਂ ਨਾਲ ਵੇਖਦਾ ਹੈ ਤੇ ਆਪਣਾ ਰਿਸ਼ਤਾ ਬਣਾਈ ਰੱਖਣ ਦੀ ਨਿਰੰਤਰ ਕੋਸ਼ਿਸ਼ ਕਰਦਾ ਹੈ। ਡੀ. ਕੇ . ਭਾਵੇਂ ਪ੍ਰੇਸ਼ਾਨ ਹੁੰਦਾ ਹੈ ਪਰ ਫਿਰ ਵਾ ਰਿਸ਼ਤਾ ਨਹੀ ਤੋੜਦਾ। ਇਸ ਤਰ੍ਹਾਂ ਡੀ.ਕੇ. ਆਰਥਿਕ ਸੁੱਖ ਅਤੇ ਤਰੱਕੀ ਲਈ ਆਪਣੀ ਪਤਨੀ ਦੀ ਇਸਤੇਮਾਲ ਵੀ ਕਰਦਾ ਹੈ ਤੇ ਆਪਣੀ ਪਤਨੀ ਤੇ ਬਾਸ ਦੀ ਵੱਧਦੀ ਨੇੜਤਾ ਨੂੰ ਨਫਰਤ ਵੀ ਕਰਦੀ ਹੈ। ਉਹ ਉੱਚਾ ਆਹੁਜੀ ਪ੍ਰਾਪਤ ਕਰਨ ਤੋਂ ਬਾਅਦ ਕਿਸੇ ਦੂਜੀ ਪਰਾਈ ਔਰਤ ਨੂੰ ਵੀ ਭੋਗਣ ਲਈ ਤਿਆਰ ਹੈ ਉਸ ਦਾ ਬਿਗਾਨੀ ਔਰਤ ਵੱਲ ਆਕਰਸ਼ਿਤ ਹੋਣਾ ਵੀ ਡੂੰਘੇ ਮਨੋ – ਪ੍ਰੇਰਿਤ ਵਿਵਹਾਰ ਵੱਲ ਸੰਕੇਤ ਕਰਦਾ ਹੈ। ਅਜਨਬੀ ਪਾਤਰ ਡੀ.ਕੇ . ਦੀ ਅਜਿਹੀ ਮਾਨਸਿਕਤਾ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਉਘਾੜਦਾ ਹੈ।

ਅਜਨਬੀ : ਤੂੰ ਉਸ ਔਰਤ ਨੂੰ ਵੀ ਨਹੀ ਛੱਡਣਾ ਚਾਹੁੰਦਾ
ਤੂੰ ਉਸ ਔਰਤ ਨੂੰ ਵੀ ਨਹੀ ਛੱਡਣਾ ਚਾਹੁੰਦਾ।
ਤੂੰ ਚਾਹੁੰਨੈ , ਇੱਕ ਔਰਤ ਤੇਰੇ ਘਰ ਬੈਠ ਕੇ
ਰੋਟੀਆਂ ਬਣਾਏ , ਤੇਰੇ ਬੱਚਿਆਂ ਨੂੰ ਖਿਡਾਏ ਤੇ।
ਤੇਰੀ ਕਮੀਜ਼ ਦੇ ਬਟਨ ਲਾਏ ਤੇ ਦੂਜੀ ਹੋਟਲਾਂ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਵਿੱਚ ਆ ਕੇ ਤੇਰੀ ਕਮੀਜ਼ ਦੇ ਬਟਨ ਤੋੜੇ ।

ਇਸ ਨਾਟਕ ਨੂੰ ਓਪਰੀ ਨਜ਼ਰੀਂ ਵੇਖੀਏ ਤਾਂ ਇਹ ਪ੍ਰਤੀਤ ਹੁੰਦਾ ਹੈ । ਕਿ ਆਰਥਿਕ ਲਾਭ ਲਈ ਔਰਤ – ਮਰਦ ਇੱਕ ਤੋ ਵਧੇਰੇ ਰਿਸ਼ਤੇ ਕਾਇਮ ਕਰਦੇ ਹਨ ਪਰ ਵਧੇਰੇ ਗਹਿਰਾਈ ਵਿੱਚ ਜਾਣ ਤੇ ਇਹ ਪਤਾ ਲੱਗਦਾ ਹੈ ਕਿ ਇਸ ਪਿੱਛੇ ਮਨੁੱਖੀ ਮਨ ਅੰਦਰ ਲੁਕੀ ਸਦੀਵੀਂ ਕਾਮ – ਆਕਰਸ਼ਣ ਤਾ ਅਤੇ ਅਤ੍ਰਿਪਤ ਵਾਸਨਾ ਹਮੇਸ਼ਾਂ ਮੌਜੂਦ ਰਹਿੰਦੀ ਹੈ । ਇਸ ਤਰ੍ਹਾਂ ਇਹ ਨਾਟਕ ਮਨੁੱਖੀ ਮਨ ਦੇ ਬਾਹਰੀ ਤੇ ਅੰਦਰੀਵੀ ਸੰਸਾਰ ਦੇ ਮਨੁੱਖੀ ਰਿਸ਼ਤਿਆਂ ਦੀ ਸੱਚਾਈ ਨੂੰ ਪ੍ਰਗਟਾਉਂਦਾ ਹੈ । ਡੀ. ਕੇ . ਦਾ ਵਾਰਤਲਪ ਸਾਰਿਆਂ ਦੇ ਸਾਹਮਣੇ ਇੱਕ ਸਵਾਲ ਵੀ ਖੜ੍ਹਾ ਕਰਦਾ ਹੈ

ਡੀ.ਕੇ : ਕੌਣ ਦਾਮਵਾ ਕਰ ਸਕਦਾ ਹੈ ਇਸ ਦੁਨੀਆ ਤੇ ਕਿ
ਉਸ ਦੀ ਮਨ ਵੀ ਹਮੇਸ਼ਾ ਉਸ ਨਾਲ ਵਿਆਹਿਆ ਰਹਿੰਦਾ ਹੈ ,
ਜਿਸ ਨਾਲ ਉਸਦਾ ਤਨ । ਕੌਣ ਦਾਅਵਾ ਕਰ ਸਕਦਾ ਹੈ ਕਿ
ਉਸਦਾ ਮਨ ਵੀ ਹਮੇਸ਼ਾ ਉਸੇ ਪਿੰਡੇ ਨੂੰ ਹੀ ਮਾਣਦਾ ਹੈ ,
ਜਿਸਨੂੰ ਉਸਦਾ ਤਨ । ਤਨ ਦੇ ਪਰਦੇ ਪਿੱਛੇ ਮਨ ਕਿਸ
ਨਾਲ ਕੀ ਕਰਦਾ ਹੈ , ਕੋਈ ਨਹੀ ਜਾਣਦਾ ।

ਇਸ ਪ੍ਰਕਾਰ ਇਹ ਨਾਟਕ ਇਹ ਦਰਸਾਉਂਦਾ ਹੈ ਕਿ ਸਦਾਚਾਰ ਤੇ ਸਮਾਜਿਕ ਬੰਦਿਸ਼ਾਂ ਨੂੰ ਸ਼ਕਤੀ ਦੇ ਸਿਰ ਤੇ ਤੋੜ ਕੇ ਇਨਸਾਨ ਕੁਦਰਤੀ ਤ੍ਰਿਪਤੀ ਕੇਵਲ ਮਰਦ ਦੇ ਹਿੱਸੇ ਹੀ ਆਉਂਦੀ ਦਿਖਾਈ ਗਈ ਹੈ । ਔਰਤ ਨੂੰ ਸਮਾਜ , ਸੱਭਿਆਚਾਰਕ ਤੇ ਆਰਥਿਕ ਸਥਿਤੀਆਂ ਇਸ ਤਰ੍ਹਾਂ ਦੀ ਬਣਾਉਂਦੀਆਂ ਹਨ ਕਿ ਉਹ ਆਦਰਸ਼ਵਾਦ ਦੇ ਢਾਚੇ ਵਿੱਚ ਢਲ ਚੁੱਕੀ ਹੈ । ਉਹ ਕਾਮੁਕਤਾ ਦੀ ਥਾਂ ਭਾਵਨਾਤਮਕ ਤ੍ਰਿਪਤੀ ਵੱਲ ਨੂੰ ਵੱਧਦੀ ਹੈ । ਜੇਕਰ ਔਰਤ ਦੇਹਮੁਖੀ ਹੁੰਦੀ ਵੀ ਹੈ ਤਾਂ ਇਸ ਨੂੰ ਉਸਦੀ ਮਜ਼ਬਰੀ ਦੱਸਿਆ ਜਾਦਾ ਹੈ । ਇਸ ਪ੍ਰਕਾਰ ਇਹ ਨਾਟਕ ਵਧੇਰੇ ਕਰਕੇ ਮਰਦਾਵੀਂ ਬਿਰਤੀ ਨੂੰ ਸੰਬਧਿਤ ਹੈ । ਮਰਦ ਜੋ ਆਪਣੀ ਕਾਮ – ਤ੍ਰਿਪਤੀ ਸਦੀ ਮਨੋ – ਘਾੜ੍ਹਦਾ ਹੈ ਤੇ ਅੰਤ ਸਦਾਚਾਰ ਨੂੰ ਤਿਲਾਂਜਲੀ ਦੇ ਕੇ ਕਾਮ – ਤ੍ਰਿਪਤੀ ਵੱਲ ਨੂੰ ਵੱਧਦਾ ਹੈ

। ਨਾਟਕ (ਘਰ ਘਰ) ਜਿਵੇਂ ਕਿ ਸਿਰਲੇਖ ਤੋਂ ਹੀ ਸਪੱਸ਼ਟ ਹੈ ਕਿ ਸਮਾਜ ਤੇ ਰਿਸ਼ਤਿਆਂ ਦੀ ਨੀਂਹ ਬਣਨ ਵਾਲੇ ਘਰ ਦੇ ਦੁਆਲੇ ਬੁਣਿਆ ਗਿਆ ਹੈ । ਨਾਟਕ ਘਰ ਘਰ ਵਿੱਚ ਨਾਟਕਕਾਰਾਂ ਨੇ ਮਨੁੱਖੀ ਰਿਸ਼ਤਿਆਂ ਵਿੱਚ ਆ ਰਹੇ ਨਿਘਾਰ ਨੂੰ ਪੇਸ਼ ਕੀਤਾ ਹੈ । ਨਾਟਕ ਵਿੱਚ ਇਸ਼ਾਨ , ਅਮਨ ਅਤੇ ਪਰਮ ਦੀ ਸਥਿਤੀ ਵੱਖੋ – ਵੱਖਰੀ ਹੈ ਪਰ ਇਹਨਾਂ ਦੀਆਂ ਮੁਸ਼ਕਿਲ ਲਗਭਗ ਇੱਕੋ ਜਿਹੀਆਂ ਹਨ ਇਸ਼ਾਨ ਪੜ੍ਹੀ – ਲਿਖੀ ਔਰਤ ਹੈ ਜੋ ਕਾਲਜ ਵਿੱਚ ਪ੍ਰੋਫੈਸਰ ਲੱਗੀ ਹੋਈ ਤੇ ਪਤੀ ਦੀ ਹਿੰਸਾ ਦਾ ਸ਼ਿਕਾਰ ਹੋਣ ਕਰਕੇ ਆਪਣਾ ਘਰ ਛੱਡਣਾ ਲਈ ਮਜ਼ਬੂਰ ਹੁੰਦੀ ਹੈ । ਦੂਜੇ ਪਾਸੇ ਅਮਨ ਇੱਕ ਘਰੇਲੂ ਔਰਤ ਹੈ ਜੋ ਆਪਣੇ ਪਤੀ ਤੋ ਵਫਾਦਾਰੀ ਦੀ ਆਸ ਕਰਦੀ ਹੈ । ਉਹ ਆਪਣੇ ਪਤੀ (ਅਜੀਤ ) ਦੇ ਸੰਪਰਕ ਵਿੱਚ ਆਉਣ ਵਾਲੀ  ਹਰ ਔਰਤ ਤੇ ਸ਼ੱਕ ਕਰਦੀ ਹੈ । ਇਸ ਲਈ ਇਸ਼ਾਨ ਜੋ ਅਜੀਤ ਦੀ ਦੋਸਤ ਨੂੰ ਵੀ ਪਸੰਦ ਨਹੀ ਕਰਦੀ । ਅਮਨ ਇਸ਼ਾਨ ਉੱਤੇ ਸ਼ੱਕ ਕਰਦੀ ਹੈ ਤੇ ਉਸ ਦੀ ਹਾਜ਼ਰੀ ਵਿੱਚ ਆਪਣੇ ਪਤੀ ਨੂੰ ਅਸੁਰੱਖਿਅਤ ਮੰਨਦੀ ਹੈ । ਇਸ਼ਾਨ ਪੜ੍ਹੀ – ਲਿਖੀ ਤੇ ਜਾਗਰੂਕ ਹੋਣ ਕਰਕੇ ਬੰਦੇ ਦੇ ਅੰਦਰਲੀ ਨਬਜ਼ ਨੂੰ ਫੜ੍ਹਨਾ ਚੰਗੀ ਤਰ੍ਹਾਂ ਜਾਣਦੀ ਹੈ । ਉਹ ਮਰਦਾਂ ਦੀ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਸਮਝਦੀ ਹੈ । ਉਹ ਮਰਦਾਂ ਦੀ ਫਿਤਰਤ ਬਾਰੇ ਖੁੱਲ਼ ਕੇ ਬੋਲਦੀ ਹੈ । ਨਾਟਕ ਵਿੱਚ ਪਰਮ ਇੱਕ ਦਲਿਤ ਵਰਗ ਨਾਲ ਸਬੰਧਿਤ ਕੁੜੀ ਹੈ ਜੋ ਅਮਨ ਦੇ ਘਰ ਕੰਮ ਕਰਦੀ ਹੈ ਅਤੇ ਪੜ੍ਹ ਲਿਖੇ ਕੇ ਅੱਗੇ ਵਧਣਾ ਚਾਹੁੰਦੀ ਹੈ । ਅਜੀਤ ਪੜ੍ਹਾਈ – ਲਿਖਾਈ ਦੇ ਬਹਾਨੇ ਪਰਨ ਦੀ ਇੱਜ਼ ਨਾਲ ਖੇਡਦਾ ਹੈ । ਇਸ ਝੂਠੇ ਪਿਆਰ ਦੇ ਬਹਿਕਾਵੇ ਵਿੱਚ ਆ ਕੇ ਪਰਮ  ਗਰਭਵਤੀ ਹੋ ਜਾਦੀ ਹੈ ਤਾਂ ਅਜੀਤ ਇਸ ਕੁਕਰਮ ਤੋਂ ਮੁਨਕਰ ਹੋ ਜਾਦਾ ਹੈ ਪਰ ਪਰਮ ਆਪਣੇ ਹੱਕ ਲਈ ਰੌਲਾ ਪਾਉਦੀ ਹੈ । ਜਦੋ ਅਮਨ ਨੂੰ ਆਪਣੇ ਪਤੀ ਦੇ ਪਰਮ ਨਾਲ ਨਾਜਾਇਜ਼ ਸੰਬੰਧਾਂ ਬਾਰੇ ਪਤਾ ਲੱਗਦਾ ਹੈ । ਉਹ ਆਪਣਾ ਘਰ ਛੱਡਣ ਦੀ ਫੈਸਲਾ ਲੈਦੀ ਹੈ ਪਰ ਇਸ਼ਾਨ ਅਮਨ ਨੂੰ ਘਰ ਨਾ ਛੱਡ ਕੇ ਜਾਣ ਦੀ ਸਲਾਹ ਦਿੰਦੀ ਕਿਉਕਿ ਉਹ ਜਾਂਣਦੀ ਹੈ ਕਿ ਉਸ ਦੀ ਇਸ ਹਾਰ ਲ਼ਈ ਘਰ ਹੀ ਨਹੀ ਬਲਕਿ ਉਹ ਵਿਵਸਥਾ ਵੀ ਜ਼ਿੰਮੇਵਾਰ ਹੈ ਜਿੱਥੇ ਉਸ ਨੂੰ ਘਰ ਤੋਂ ਬਾਹਰ ਖਾਸ ਤੋਰ ਤੇ ਮਰਦ ਦੇ ਘਰ ਤੋ ਬਾਗਰ ਸਵੀਕਾਰ ਨਹੀ ਕੀਤਾ ਜਾਦਾ ਤੇ ਹਾਸ਼ੀਏ ਤੇ ਧੱਕ ਦਿੱਤਾ ਜਾਦਾ ਹੈ ।

ਇਸ਼ਾਨ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਜਦੋਂ ਔਰਤ ਘਰ ਛੱਡਦੀ ਹੈ ਤਾਂ ਉਸ ਨੂੰ ਘਰ ਤੋ ਬਾਹਰ ਵੀ ਸਮਾਜ ਸਵੀਕਾਰ ਨਹੀ ਕਰਦਾ :

ਇਸ਼ਾਨ : ਘਰੋਂ ਨਿਕਲੀ ਹੋਈ ਔਰਤ ਹੋਣ ਦਾ ਅਰਥ ਕੀ ਹੁੰਦੈ ,
ਤੂੰ ਨਹੀ ਜਾਣਦੀ । ਤੂੰ ਘਰੋਂ ਪੈਰ ਤਾਂ ਬਾਹਰ ਰੱਖ ,
ਸਾਰੀ ਦੁਨੀਆਂ ਦੀਆਂ ਔਰਤਾਂ ਆਪਣੇ ਘਰ ਦੇ ਦਰਵਾਜ਼ੇ
ਬੰਦ ਕਰ ਲੈਣਗਈਆਂ ਤੇ ਮਰਦ ਆਪਣੇ ਆਪ ਨੂੰ ,

ਪਾਲੀ ਭੁਪਿੰਦਰ ਸਿੰਘ ਨੇ ਨਾਟਕ ਘਰ ਘਰ ਰਾਹੀ ਔਰਤ ਦੀ ਹਾਸੀਅਗਤ ਸਥਿਤੀ ਨੂੰ ਬਾਖੂਬੀ ਪੇਸ਼ ਕੀਤਾ ਹੈ । ਉਹ ਔਰਤ ਦੀਆਂ ਸੀਮਾਵਾਂ ਤੇ ਚੁਣੌਤੀਆਂ ਨੂੰ ਬਿਆਨ ਕਰਦਾ ਹੈ । ਲੇਕਿਨ ਅੰਤ ਨੂੰ ਔਰਤ ਦੇ ਘਰ ਵਿੱਚ ਹੀ ਸਿਮਟ ਜਾਣ ਦੀ ਸਥਿਤੀ ਰਾਹੀ ਉਸ ਵੱਲੋ ਸਬਾਲਟਰਨ ਧਿਰ ਦੀ ਪੇਸ਼ਕਾਰੀ ਦਾ ਸੁਹਿਰਦ ਯਤਨ ਹੈ । ਉਸ ਦੇ ਨਾਟਕ ਵਿੱਚ ਔਰਤ ਦੀ ਘਰ ਵੱਲ ਨੂੰ ਵਾਪਸੀ ਇਹ ਦਰਸਾ ਦਿੰਦੀ ਹੈ ਕਿ ( ਸਬਾਲਟਰਨ ਦੀ ਕੋਈ ਜ਼ਬਾਨ ਨਹੀ । ਔਰਤ ਮਰਦ ਦਾ ਰਿਸ਼ਤਾ ਸਮਾਜ ਦੁਆਰਾ ਨਿਰਮਿਤ ਤੇ ਨਿਯੰਤਰਿਤ ਹੈ । ਇਸ ਵਿੱਚ ਮਰਦ ਨੂੰ ਮਿਲਦੀ ਕਾਮੁਕ ਖੁੱਲ੍ਹ ਔਰਤ ਲ਼ਈ ਤ੍ਰਾਸ਼ਦੀ ਦਾ ਕਾਰਨ ਬਣਦੀ ਹੈ ਉਹ ਘਰ ਬਾਹਰ ਹੀ ਨਹੀ ਅੰਦਰ ਵੀ ਸੰਤਾਪ ਹੰਢਾਉਦੀ ਹੈ । ਔਰਤ ਮਰਦ ਦੇ ਕਾਮ ਸਬੰਧਾਂ ਦਾ ਮਾਮਲਾ ਵੀ ਇਸ ਨਾਟਕ ਦੇ ਕੇਂਦਰ ਵਿੱਚ ਰਹਿੰਦਾ ਹੈ ਨਾਟਕਕਾਰ ਨੇ ਪਰਮ ਦੀ ਇਸ ਪੀੜਾ ਨੂੰ ਖੂਬ ਫੜਿਆ ਹੈ । ਉਹ ਪਰਮ ਦੇ ਮੂੰਹੇ ਇਸ਼ਾਨ ਨੂੰ ਅਖਵਾਉਦਾ ਹੈ :

ਪਰਮ : ਤੁਸੀ ਤਾਂ ਸਿਰਫ ਔਰਤ ਹੋਣ ਦਾ ਦਰਦ ਜਾਣਦੇ
ਹੋ ਦੀਦੀ । ਪਰ ਨੀਵੀ ਜਾਤ ਦੀ ਔਰਤ ਹੋਣ ਦਾ
ਦਰਦ ਕੀ ਹੁੰਦਾ ਹੈ,ਸ਼ਾਇਦ ਤੁਹਾਨੂੰ ਵੀ ਨਹੀ ਪਤਾ ।
ਇਹ ਸੋ ਕਾਲਡ ਪਾਸ਼ ਕਲੋਨੀਆਂ ਦੇ ਸੋ ਕਾਲਡ ਵੱਡੇ
ਲੋਕ ਅੰਦਰ ਵੜ ਕੇ ਮੇਰੇ ਪੈਰ ਚੱਟਣ ਨੂੰ ਵੀ

ਤਿਆਰ ਨੇ ਪਰ ਬਾਹਰ ਮੇਰੇ ਸਿਰ ਤੇ ਹੱਥ ਰੱਖਣ

ਨੂੰ ਵੀ ਤਿਆਰ ਨਹੁ ਹੁੰਦੇ । ਡਰਦੇ ਨੇ ,

ਕਿਤੇ ਭਿੱਟੇ ਨਾ ਜਾਣ ।

ਨਾਟਕ ਰਾਤ ਚਾਨਣੀ ਵਿੱਚ ਪਾਲੀ ਭੁਪਿੰਦਰ ਨੇ ਚਾਨਣੀਆਂ ਰਾਤਾਂ ਵਿੱਚ ਮਰਦ ਦੁਆਰਾ ਕੀਤੇ ਝੂਠੇ ਤੇ ਫਰੇਬੀ ਵਾਆਦਿਆਂ ਨੂੰ ਪੇਸ਼ ਕਰਨ ਦੇ ਨਾਲ ਔਰਤ ਮਨੋਵੇਦਨਾ ਨੂੰ ਪੇਸ਼ ਕੀਤਾ ਹੈ । ਨਾਟਕ ਰਾਤ ਚਾਨਣੀ ਵਿ4ਚ ਸਰਦਾਰਨੀ ਚੰਦ ਕਰੋ ਆਪਣੇ ਪੁੱਤਰ ਅੰਬਰ ਦਾ ਵਿਆਹ ਕੈਨੇਡਾ ਰਹਿੰਦੀ ਲੜਕੀ ਪਾਲ ਨਾਲ ਇਸ ਕਰਕੇ ਕਰਦੀ ਹੈ ਕਿ ਅੰਬਰ ਵਿਆਹ ਕਰਕੇ ਕੈਨਡਾ ਪੱਕਾ ਹੋ ਜਾਵੇਗਾ ਤੇ ਫਿਰ ਪਾਲ ਨੂ ਤਲਾਕ ਦੇ ਕੇ ਵਾਪਸ ਇੰਡੀਆ ਆ ਕੇ ਕਿਸੇ ਅਮੀਰ ਘਰ ਦੀ ਲੜਕੀ ਨਾਲ ਵਿਆਹ ਕਰਵਾ ਲ਼ਵੇਗਾ । ਸਰਦਾਰਨੀ ਚੰਦ ਕਰੋ ਦਸ ਲੱਖ ਰੁਪਏ ਦੇ ਕੇ ਅੰਬਰ ਦਾ ਵਿਆਹ ਪਾਲ ਨਾਲ ਕਰ ਦਿੰਦੀ ਹੈ । ਅੰਬਰ ਤੇ ਪਾਲ ਇੱਕ ਦੂਜੇ ਨੂੰ ਪਸੰਦ ਕਰਨ ਲੱਗ ਪੈਦੇ ਹਨ ਜਿਸ ਕਰਕੇ ਅੰਬਰ ਕੈਨਡਾ ਜਾ ਕੇ ਦਸ ਸਾਲਾਂ ਤੱਕ ਵੀ ਪਾਲ ਨੂੰ ਤਲਾਕ ਨਹੀ ਦਿੰਦਾ । ਜਦੋ ਮਾਂ ਨੂੰ ਅੰਬਰ ਦੀ ਸੱਚਾਈ ਦਾ ਪਤਾ ਲੱਗਦਾ ਹੈ ਤਾਂ ਉਹ ਅੰਬਰ ਨੂੰ ਝੂਠਾ ਤੇ ਮੱਕਾਰ ਦੱਸਦੀ ਹੈ । ਅੰਬਰ ਨੇ ਦਸ ਸਾਲਾਂ ਤੱਕ ਵੀ ਪਾਲ ਨੂੰ ਇਹ ਕਦੇ ਵੀ ਨਹੀ ਦੱਸਿਆ ਕਿ ਉਸ ਦੀ ਮਾਂ ਨੇ ਇਸ ਰਿਸ਼ਤੇ ਦਾ ਮੁੱਲ ਦਸ ਲੱਖ ਰੁਪਇਆ ਰੱਖਿਆ ਸੀ ਜਿਸ ਦੀ ਖਬਰ ਸਿਰਫ ਪਾਲ ਦੀ ਮਾਤਾ ਮਿਸਿਜ਼ ਮੇਜ਼ਰ ਨੂੰ ਹੈ ਤੇ ਅੰਬਰ ਨੇ ਇਹ ਵਿਆਹ ਸਿਰਫ ਕੈਨਡਾ ਪੱਕਾ ਹੋਣ ਲਈ ਕਰਵਾਇਆ ਹੈ ਜਦੋ ਪਾਲ ਅੰਬਰ ਤੇ ਸੋਮਨਾਥ ਅੰਕਲ ਦੀਆਂ ਗੱਲਾਂ ਸੁਣਦੀ ਹੈ ਤਾਂ ਉਸ ਨੂੰ ਆਪਣੇ ਤੇ ਅੰਬਰ ਦੇ ਰਿਸ਼ਤੇ ਦੀ ਸੱਚਾਈ ਦਾ ਪਤਾ ਲੱਗਦਾ ਹੈ ਦਾ ਉਹ ਇਕ ਦਮ ਕੰਬ ਜਾਦੀ ਹੈ । ਇੱਕ ਵਾਰ ਫਿਰ ਉਸ ਨੂੰ ਦਸ ਸਾਲ ਪੁਰਾਣਾ ਸਮਾਂ ਯਾਦ ਆਉਦਾ ਹੈ ਤੇ ਅਮੰਬਰ ਨਾਲ ਜੋੜਿਆ ਰਿਸ਼ਤਾ ਵੀ ਫਿੱਕਾ –ਫਿੱਕਾ ਨਜ਼ਰੀ ਆਉਦਾ ਹੈ :

ਅੰਬਰ : ਸਾਡਾ ਵੀ ਤਾਂ ਕੋਈ ਰਿਸ਼ਤਾ ਹੈ ਪਾਲ ।

ਪਾਲ : ( ਅੱਖਾਂ ਵਿੱਚ ਕਿਤੇ ਪਿਆਰ ਜਾਗਦਾ ਹੈ ) ਅੱਜ ਤੱਕ ਤਾਂ ਬੁਹਤ ਰਿਸ਼ਤੇ ਸਨ

ਜਦੋ ਤੂੰ ਮੇਰੀ ਧੀ ਨਾਲ ਲਾਡ ਲਡਾਉਦਾ ਤਾਂ ਸੱਚਮੁੱਚ ਮੈਨੂੰ ਆਪਣੇ ਪਤੀ ਲਗਦਾ ।

ਜਸ਼ਨ ਤੇਰੇ ਨਾਲ ਲੜਦਾ ਪਰ ਫੇਰ ਵੀ ਉਸਦਾ ਕੇਅਰ ਕਰਦਾ ਹੈ ਤਾਂ ਮੈਨੂੰ ਲਗਦਾ

ਜਿਵੇਂ ਤੂੰ ਮੇਰੇ ਬੱਚੇ ਦਾ ਹੀ ਨਹੀ , ਮੇਰਾ ਵੀ ਬਾਪ ਹੈ । ਕਦੇ ਦਾਰੂ ਪੀ ਕੇ ਤੂੰ ਮੂੰਹ

ਜੋਰ ਝੱਖੜ ਵਾਂਗ ਖੌਰੂ ਪਾਉਦਾ , ਮੈਨੂੰ ਅਹਿਸਾਸ ਹੁੰਦਾ ,

ਤੂੰ ਮੇਰਾ ਮਰਦ ਏ । ਪਰ .. ਪਰ ਫਿਰ ਤੂੰ ਕਿਸੇ

ਗੱਲੋ ਖਿੱਝਿਆ – ਅੱਕਿਆ ਅੱਖਾਂ ਭਰ ਕੇ ਮੇਰੀ

ਹਿੱਕ ਤੇ ਆਪਣੇ ਸਿਰ ਆਣ ਰੱਖਦਾ .

ਤਾਂ ਮੈਨੂੰ ਪਤਾ ਲਗਦਾ ਤੂੰ ਤਾਂ ਮਾਂ ਮਹਿੱਟਰ

ਇਕ ਮਸੂਮ ਜਿਹਾ ਬੱਚਾ ਏ ਜੋ ਮੇਰੇ ਵਿੱਚੋ

ਆਪਣੀ ਪਿੱਛੇ ਰਹਿ ਗਈ ਮਾਂ ਨੂੰ ਲੱਭਣਾ ਪਿਆ ਏ ।

ਇਸ ਪ੍ਰਕਾਰ ਇਸ ਨਾਟਕ ਵਿੱਚ ਨਾਟਕਕਾਰ ਨੇ ਜਿੱਥੇ ਵਿਦੇਸ਼ਾਂ ਵਿੱਚ ਪੱਕੇ ਹੋਣ ਲਈ ਝੂਠੇ ਵਿਆਹਾਂ ਤੋ ਉਪਜੀਆ ਗੁੰਝਲਾਂ ਦੀ ਦਾਸਤਾਨ ਨੂੰ ਪੇਸ਼ ਕੀਤਾ ਹੈ ਕਿ ਉੱਥੇ ਹੀ ਔਰਤ – ਮਰਦ ਦੇ ਦਵੰਦਾਤਮਕ ਰਿਸ਼ਤਿਆਂ ਨੂੰ ਵੀ ਬਿਆਨ ਕੀਤਾ ਹੈ ।

ਜ਼ਹਿਰ ਨਾਟਕ ਰਾਹੀ ਨਾਟਕਕਾਰ ਨੇ ਦੁੱਧ ਵਿੱਚ ਡਿੱਗੀ ਹੋਈ ਛਿਪਕਲੀ ਤੇ ਜ਼ਹਿਰੀਲੇ ਹੋਏ ਦੁੱਧ ਦੇ ਹਵਾਲੇ ਰਾਹੀ ਮਨੁੱਖੀ ਰਿਸ਼ਤਿਆਂ ਵਿੱਚ ਫੈਲੀ ਜ਼ਹਿਰ ਦੀ ਤਰਜਮਾਨੀ ਕੀਤੀ ਹੈ । ਨਾਟਕ ਵਿੱਚ ਅਸੀ ਵੇਖਦੇ ਹਾਂ ਕਿ ਪਤੀ ਪਤਨੀ ਵਿੱਟ ਆਪਸੀ ਪਿਆਰ , ਮੁਹੱਬਤ ਨਹੀ ਰਹਿੰਦੀ ਤੇ ਉਹ ਆਪਣੇ ਮਨ ਦੀ ਸੰਤੁਸ਼ਟੀ ਵਾਸਤੇ ਬਾਹਰ ਨਾਜਾਇਜ਼- ਰਿਸ਼ਤੇ ਕਾਇਮ ਕਰਦੇ ਹਨ । ਔਰਤ ਆਪਣੇ ਕਿਰਾਏਦਾਰ ਨੌਜਵਾਨ ਨਾਲ ਤੇ ਮਰਦ ਨਾਟਕ ਵਿੱਚ ਆਪਣੀ ਸਾਲੀ ਨਾਲ ਰਿਸ਼ਤਾ ਕਾਇਮ ਕਰਦਾ ਹੈ । ਉਹਨਾਂ ਚਾਰਾਂ ਦੇ ਰਿਸ਼ਤਿਆਂ ਤੇ ਮਨਾਂ ਅੰਦਰ ਇੰਨੀ ਕੜਵਾਹਟ ਭਰ ਜਾਦੀ ਹੈ ਕਿ ਉਹ ਇੱਕ – ਦੂਜੇ ਨੂੰ ਜ਼ਹਿਰੀਲਾ ਦੁੱਧ ਪਿਆ ਕੇ ਮਾਰਨ ਦੀ ਸਾਜ਼ਿਸ਼ ਕਰਦੇ ਹਨ ਪਰ ਨਾਟਕ ਦੇ ਅਖੀਰ ਵਿੱਚ ਉਹ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਆਪਣੀਆ ਗਲਤੀਆਂ ਨੂੰ ਮੰਨ ਲੈਂਦੇ ਹਨ ਤੇ ਆਪਣੇ ਮਨਾਂ ਵਿੱਚ ਫੈਲ ਰਾਹੀ ਜ਼ਹਿਰ ਨੂੰ ਖਤਮ ਕਰ ਲੈਂਦੇ ਹਨ। ਉਹ ਦੁਬਾਰਾ ਤੋ ਸਹੀ ਜ਼ਿੰਦਗੀ ਜਿਉਣ ਦਾ ਵਾਮਦਾ ਕਰਦੇ ਹਨ। ਇਸ ਸਬੰਧੀ ਔਰਤ ਤੇ ਮਰਦ ਇੱਕ – ਦੂਜੇ ਨੂੰ ਯਕੀਨ ਦੁਆਉਦੇ ਹਨ । ਉਹ ਨੌਜਵਾਨ ਕਿਰਾਏਦਾਰ ਕੇ ਮਰਦ ਦੀ ਸਾਲੀ ਦਾ ਰਿਸ਼ਤਾ ਤੈਅ ਕਰਦੇ ਹਨ। ਸਾਰਾ ਨਾਟਕ ਅਜੋਕੇ ਪਰਿਵਾਰਾਂ ਅੰਦਰ ਆ ਰਹੀਆਂ ਮਾਨਸਿਕ ਗੁੰਝਲਾਂ ਦੀ ਪੇਸ਼ਕਾਰੀ ਕਰਦਾ ਹੈ , ਜਿਸ ਦੇ ਤਹਿਤ ਪਤੀ – ਪਤਨੀ ਦੇ ਰਿਸ਼ਤੇ ਤਿੜਕ ਰਹੇ ਹਨ ਤੇ ਉਹ ਪਰਿਵਾਰਕ ਮੈਬਰ ਆਪਣੇ ਤਨ – ਮਨ ਦੀ ਸੰਤੁਸ਼ਟੀ ਲ਼ਈ ਇੱਕ – ਦੂਜੇ ਤੋ ਦੂਰ ਭੱਜਦੇ ਹਨ। ਇਹ ਸਾਡੇ ਸਮਾਜ ਦੀ ਬੜੀ ਗੰਭੀਰ ਸਮੱਸਿਆ ਹੈ। ਇਸ ਸਮੱਸਿਆ ਕਾਰਨ ਰਿਸ਼ਤਿਆ ਵਿੱਚ ਤਰੇੜਾਂ ਆਉਦੀਆਂ ਹਨ ਤੇ ਨੈਤਿਕ ਕਦਰਾਂ – ਕੀਮਤਾਂ ਟੁੱਟਣ ਲੱਗਦੀਆਂ ਹਨ।

ਪਾਲੀ ਭੁਪਿੰਦਰ ਦੇ ਚੋਣਵੇ ਨਾਟਕਾਂ ਦਾ ਅਧਿਐਨ ਇਹ ਸਪੱਸ਼ਟ ਕਰਦਾ ਹੈ ਕਿ ਮਨੁੱਖ ਦੇ ਸਮਾਜਿਕ ਪ੍ਰਾਣੀ ਹੋਣ ਨਾਤੇ ਇਸਦੇ ਵਿਭਿੰਨ ਰਿਸ਼ਤੇ ਸਮਾਜ਼ ਦੁਆਰਾ ਸੰਧਿਤ ਅਤੇ ਨਿਯਤਰਿਤ ਹੁੰਦੇ ਹਨ।

ਔਰਤ ਤੇ ਮਰਦ ਦੋਵੇ ਆਜ਼ਦ ਜ਼ਾਂ ਸਮਾਜ ਤੋ ਨਿਰਲੇਪ ਨਹੀ ਰਹਿ ਸਕਦੇ। ਇਸ ਤਰ੍ਹਾਂ ਇਨ੍ਹਾਂ ਦੇ ਰਿਸ਼ਤੇ ਵੀ ਸਮਾਜ ਤੇ ਸੱਭਿਆਚਾਰ ਦੇ ਅੰਦਰ ਹੀ ਬਣਦੇ ਵਿਗਸਦੇ ਤੇ ਟੁੱਟਦੇ- ਭੱਜਦੇ ਰਹਿੰਦੇ ਹਨ। ਇਨ੍ਹਾਂ ਬਣਨ ਦੇ ਆਧਾਰ ਸਮਾਜਿਕ ਪ੍ਰਬੰਧ , ਆਰਥਿਕ ਜ਼ਾਂ ਕਾਮ – ਬਿਰਤੀ ਦੁਆਰਾ ਪ੍ਰੇਰਿਤ ਹੁੰਦੇ ਹਨ। ਕਾਮ ਬਿਰਤੀ ਵੀ ਵਾਸਨਾ ਦੀਆਂ ਹੱਦਾਂ ਨੂੰ ਛੂੰਹਦੀ ਹੋਈ ਅਤ੍ਰਿਪਤ ਅਕਾਖਿਆਵਾਂ ਵੱਲ ਨੂੰ ਤੁਰਦੀ ਹੋਈ ਰਿਸ਼ਤਿਆਂ ਦੇ ਨਿਘਾਰ ਦਾ ਕਾਰਨ ਬਣਦੀ ਹੈ। ਸਮਕਾਲੀ ਜੀਵਨ ਵਿੱਚ ਆਈ ਅਸਥਿਰਤਾ ,ਅਨਿਸ਼ਚਤਤਾ ਤੇ ਅਸੰਤੁਸ਼ਟੀ ਮਨੁੱਖੀ ਮਨ ਤੇ ਵਿਵਹਾਰ ਨੂੰ ਤਰਲ ਤੇ ਬੇਹੱਦ ਨਾਜ਼ੁਕ ਰੂਪ ਅਦਾ ਕਰਦੀ ਨਜ਼ਰੀ ਆ ਰਹੀ ਹੈ। ਮਨੁੱਖੀ ਰਿਸ਼ਤਿਆਂ ਕੇ ਵਿਸ਼ੇਸ਼ ਤੌਰ ਤੇ ਔਰਤ ਮਰਦ ਦੇ ਰਿਸ਼ਤੇ ਦਾ ਇਹ ਸਰੂਪ ਪਾਲੀ ਭੁਪਿੰਦਰ ਸਿੰਘ ਨਾਟਕ ਵਿੱਚ ਨਜ਼ਰ ਆਉਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਪਾਲੀ ਭੁਪਿੰਦਰ ਸਿੰਘ , ਤੁਹਾਨੂੰ ਕਿਹੜਾ ਰੰਗ ਪਸੰਦ ਹੈ । ਚੇਤਨਾ ਪ੍ਰਕਾਸ਼ਨ , ਪੰਜਾਬੀ ਭਵਨ , ਲੁਧਿਆਣਾ ,2015, ਪੰਨਾ 51
2. ਉਹੀ , ਪੰਨਾ 60
3. ਪਾਲੀ ਭੁਪਿੰਦਰ ਸਿੰਘ , ਘਰ ਘਰ , ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ , ਲੁਧਿਆਣਾ , 2008 ਪੰਨਾ 33
4. ਉਹੀ , ਪੰਨਾ 14
5. ਪਾਲੀ ਭੁਪਿੰਦਰ ਸਿੰਘ , ਰਾਤ ਚਾਨਣੀ , ਚੇਤਨਾ ਪ੍ਰਕਾਸ਼ਨ , ਪੰਜਾਬੀ ਭਵਨ , ਲੁਧਿਆਣਾ , 2008, ਪੰਨਾ 28